بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 13.09.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੇ ਇਮਾਨ ਵਿੱਚ ਵਾਧਾ ਕਰਨ ਵਾਲੇ ਦਿਲ ਖਿਚਵੇਂ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 13 ਸਤੰਬਰ 2019 ਈ. ਨੂੰ ਇਜਤਮਾਗਾਹ ਮਜਲਿਸ ਅੰਸਾਰੁਲੱਆਹ ਯੂ.ਕੇ. (Bordon, Kingsley, Country Market) ਬਰਤਾਨੀਆ ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬਦਰੀ ਸਹਾਬਾ ਦੇ ਜ਼ਿਕਰ ਦਾ ਜੋ ਕਾਰਜ ਮੈਂ ਅਰੰਭਿਆ ਹੋਇਆ ਹੈ ਅੱਜ ਵੀ ਉਹੋ ਵਰਨਣ ਕਰਾਂਗਾ, ਪਰ ਇਸ ਤੋਂ ਪਹਿਲਾਂ ਅੰਸਾਰੁਲੱਾਹ ਨੂੰ ਇਜਤਿਮਾ ਦੇ ਹਵਾਲੇ ਨਾਲ ਇਹ ਦਸੱਾਂਗਾ ਕਿ ਉਹ ਸਹਾਬਾ ਜਿੰਨ੍ਹਾ ਵਿੱਚ ਅੰਸਾਰ ਵੀ ਸਨ ਅਤੇ ਮੁਹਾਗਰ ਵੀ ਸਨ ਉਹਨਾ ਨੇ ਜੱਦ ਇਸਲਾਮ ਕੁਬੂਲ ਕੀਤਾ ਤਾਂ ਆਪਣੇ ਅੰਦਰ ਪਵਿੱਤਰ ਤਬਦੀਲੀਆਂ ਪੈਦਾ ਕੀਤੀਆਂ ਅਤੇ ਅਦਭੁਤ ਨਮੂਨੇ ਦਿਖਾਏ, ਨ ਕੇਵਲ ਕੁਰਬਾਨੀਆਂ ਦੇ ਸਗੋਂ ਤਕਵਾ (ਸੰਜਮਤਾ) ਦੇ ਉਤੱਮ ਮਿਆਰ, ਆਚਰਣ ਤੇ ਵਫ਼ਾਦਾਰੀ ਦੇ ਵੀ । ਆਪ ਵਿੱਚੋਂ ਬਹੁਤੇ ਜੋ ਇਸ ਸਮੇਂ ਇੱਥੇ ਮੌਜੂਦ ਹਨ ਅੰਸਾਰ ਵੀ ਹਨ ਅਤੇ ਮੁਹਾਜਰ ਵੀ ਹਨ । ਇਸ ਪੱਖੋਂ ਆਪਣੇ ਜਾਇਜ਼ੇ ਲੈਂਦੇ ਰਹੋ ਕਿ ਸਾਡੇ ਸਾਹਮਣੇ ਜੋ ਨਮੂਨੇ ਪੇਸ਼ ਕੀਤੇ ਗਏ ਸਨ ਅਸੀਂ ਉਹਨਾਂ'ਤੇ ਕਿੱਥੋਂ ਤੱਕ ਚਲੱਣ ਵਾਲੇ ਤੇ ਅਮਲ ਕਰਨ ਵਾਲੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਪਹਿਲੇ ਸਹਾਬੀ ਹਜ਼ਰਤ ਨੁਮਾਨ ਬਿਨ ਉਮਰੋ ਹਨ । ਇਹਨਾ ਦਾ ਨਾਂ ਨੁਮਾਨ ਤੇ ਨਈਮਾਨ ਦੋਹਾਂ ਢੰਗਾ ਨਾਲ ਮਿਲਦਾ ਹੈ । ਹਜ਼ਰਤ ਨਈਮਾਨ ਬੈਅਤੇ ਅਕਬਾ ਸਾਨੀਆ ਵਿੱਚ ਸਤੱਰ ਅੰਸਾਰਾਂ ਨਾਲ ਸ਼ਾਮਲ ਹੋਏ ਸਨ । ਆਪ ਬਦਰ, ਉਹਦ, ਖ਼ੰਦਕ ਅਤੇ ਬਾਕੀਆਂ ਸਾਰੀਆਂ ਜੰਗਾ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸ਼ਾਮਲ ਹੋਏ । ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਨਈਮਾਨ ਲਈ ਸਿਵਾਏ ਭਲਾਈ ਦੇ ਹੋਰ ਕੁਝ ਨ ਕਹੋ ਕਿਉਂਕਿ ਉਹ ਰੱਬ ਅਤੇ ਉਸਦੇ ਰਸੂਲ ਨਾਲ ਪ੍ਰੇਮ ਰਖੱਦਾ ਹੈ । ਹਜ਼ਰਤ ਨਈਮਾਨ ਦੀ ਵਫ਼ਾਤ ਹਜ਼ਰਤ ਅਮੀਰ ਮੁਆਵੀਆਹ ਦੇ ਰਾਜਕਾਲ ਵਿੱਚ 60 ਹਿਜਰੀ ਵਿੱਚ ਹੋਈ ਸੀ ।

ਹਜ਼ਰਤ ਨਈਮਾਨ ਬਾਰੇ ਰਿਵਾਇਤ ਵਿੱਚ ਆਉਂਦਾ ਹੈ ਕਿ ਉਹਨਾ ਦੇ ਸੁਭਾਉ ਵਿੱਚ ਹਾਸਾ (ਮਜ਼ਾਕ) ਪਾਇਆ ਜਾਂਦਾ ਸੀ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਉਹਨਾ ਦੀਆਂ ਗਲੱਾਂ ਸੁਣਕੇ ਮਨੋਰੰਜਤ ਹੋਇਆ ਕਰਦੇ ਸਨ । ਰਬੀਆ ਬਿਨ ਉਸਮਾਨ ਤੋਂ ਰਿਵਾਇਤ ਹੈ ਕਿ ਆਂਹਜ਼ਰਤ ਸਲਲੱਾਹੁ ਆਲੈਹਿ ਵਸਲੱਮ ਕੋਲ ਇਕ ਬੱਦੂ ਆਇਆ ਅਤੇ ਮਸਜਿਦ ਵਿੱਚ ਦਾਖ਼ਲ ਹੋਕੇ ਉਸ ਨੇ ਆਪਣੇ ਊਠ ਨੂੰ ਵਿਹੜੇ ਵਿੱਚ ਬਿਠਾ ਦਿਤੱਾ । ਇਸ'ਤੇ ਕੁਝ ਸਹਾਬਾ ਨੇ ਹਜ਼ਰਤ ਨੁਮਾਨ ਨੂੰ ਕਿਹਾ ਕਿ ਤੁਸੀਂ ਇਸ ਊਠ ਨੂੰ ਜ਼ਿਬਾਹ ਕਰ ਦਿਓ ਤਾਂ ਅਸੀਂ ਇਸ ਨੂੰ ਖਾਵਾਂਗੇ ਕਿਉਂਕਿ ਸਾਡਾ ਮਨ ਮਾਸ ਖਾਣ ਨੂੰ ਬਹੁਤ ਕਰ ਰਿਹਾ ਹੈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਕੋਲ ਜੱਦ ਸ਼ਿਕਾਇਤ ਹੋਵੇਗੀ ਤਾਂ ਫਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਇਸ ਦਾ ਤਾਵਾਨ (ਮੁੱਲ, ਵਟਾਂਦਰਾ) ਭਰ ਦੇਣਗੇ । ਰਿਵਾਇਤ ਕਰਨ ਵਾਲੇ ਕਹਿੰਦੇ ਹਨ ਕਿ ਕਹਜ਼ਰਤ ਨੁਮਾਨ ਨੇ ਇਹਨਾ ਦੀਆਂ ਗਲੱਾਂ ਵਿੱਚ ਆਣਕੇ ਊਠ ਜ਼ਿਬਾਹ ਕਰ ਦਿਤੱਾ ਅਤੇ ਜੱਦ ਬਦੂੱ ਬਾਹਰ ਨਿਕਲਿਆ ਅਤੇ ਆਪਣੀ ਸਵਾਰੀ ਨੂੰ ਇਸ ਅਵਸਥਾ ਵਿੱਚ ਦੇਖਿਆ ਤਾਂ ਸ਼ੋਰ ਮਚਾਉਣ ਲਗੱਾ ਕਿ ਹੇ, ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਮੇਰਾ ਊਠ ਜ਼ਿਬਾਹ ਹੋ ਗਿਆ ਹੈ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਬਾਹਰ ਨਿਕਲੇ ਅਤੇ ਫ਼ਰਮਾਇਆ ਕਿਸਨੇ ਕੀਤਾ ਹੈ । ਲੋਕਾਂ ਨੇ ਕਿਹਾ ਨੁਮਾਨ ਨੇ । ਤਾਂ ਆਪ ਉਹਨਾ ਦੀ ਭਾਲ ਵਿੱਚ ਨਿਕਲੇ । ਨੁਮਾਨ ਉੱਥੋਂ ਕਿਤੇ ਚਲੇ ਗਏ ਅਤੇ ਕਿਥੇ ਜਾਕੇ ਛੁੱਪ ਗਏ । ਬਹਿਰਹਾਲ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਉਹਨਾ ਦੀ ਭਾਲ ਵਿੱਚ ਨਿਕਲੇ ਇੱਥੋਂ ਤੱਕ ਤੱਕ ਕਿ ਉਹਨਾ ਨੂੰ ਹਜ਼ਰਤ ਜ਼ਬਾਬ ਬਿੰਤ ਜੁਬੈਰ ਬਿਨ ਅਬਦੁਲ ਮੁਤਲਿਬ ਦੇ ਘਰ ਲੁਕਿਆ ਹੋਇਆ ਦੇਖਿਆ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਉਹਨਾ ਨੂੰ ਉੱਥੋਂ ਕੱਢਿਆ ਅਤੇ ਫ਼ਰਮਾਇਆ ਕਿ ਇਹ ਹਰਕਤ ਤੁਸੀਂ ਕਿਉਂ ਕੀਤੀ ਹੈ ? ਤਾਂ ਨੁਮਾਨ ਨੇ ਅਰਜ਼ ਕੀਤੀ ਕਿ ਹੇ, ਰਸੂਲੁਲੱਾਹ ! ਜਿੰਨ੍ਹਾ ਲੋਕਾਂ ਨੇ ਆਪਨੂੰ ਮੇਰੇ ਬਾਰੇ ਖ਼ਬਰ ਦਿੱਤੀ ਹੈ ਕਿ ਮੈਂ ਜ਼ਿਬਾਹ ਕੀਤਾ ਹੈ । ਉਹਨਾ ਨੇ ਹੀ ਮੈਨੂੰ ਉਕਸਾਇਆ ਸੀ ਅਤੇ ਮੈਨੂੰ ਕਿਹਾ ਸੀ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਬਾਦ ਵਿੱਚ ਉਸਦਾ ਤਾਵਾਨ ਦੇ ਦੇਣਗੇ । ਇਹ ਗੱਲ ਸੁਣਕੇ ਨੁਮਾਨ ਦੇ ਚਿਹਰੇ ਨੂੰ ਛੂਹਿਆ ਅਤੇ ਮੁਸਕਰਾਉਣ ਲੱਗੇ ਅਤੇ ਆਪ ਨੇ ਉਸ ਬੱਦੂ ਨੂੰ ਉਸ ਊਠ ਦਾ ਮੁੱਲ ਦੇ ਦਿਤੱਾ । ਜ਼ੁਬੈਰ ਬਿਨ ਬਕਾਰ ਆਪਣੀ ਕਿਤਾਬ 'ਅਲਫ਼ੁਕਹਾ ਵਲ ਮਜ਼ਾਹਿਬ' ਵਿੱਚ ਹਜ਼ਰਤ ਨੁਮਾਨ ਬਾਰੇ ਇਕ ਵਾਕਿਆ ਬਿਆਨ ਕਰਦਿਆਂ ਹੋਇਆਂ ਲਿਖੱਦੇ ਹਨ ਕਿ ਮਦੀਨੇ ਵਿੱਚ ਜੱਦ ਵੀ ਕੋਈ ਫੇਰੀ ਵਾਲਾ ਦਾਖ਼ਲ ਹੁੰਦਾ ਤਾਂ ਹਜ਼ਰਤ ਨੁਮਾਨ ਉਸ ਤੋਂ ਕੁਝ ਨ ਕੁਝ ਖ਼ਰੀਦਕੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੁੰਦੇ ਅਤੇ ਅਰਜ਼ ਕਰਦੇ ਕਿ ਆਪ ਲਈ ਮੇਰੀ ਵੱਲੋਂ ਤੁਹਫ਼ਾ ਹੈ । ਫਿਰ ਜੱਦ ਫੇਰੀ ਵਾਲਾ ਹਜ਼ਰਤ ਨੁਮਾਨ ਤੋਂ ਉਸਦਾ ਮੁੱਲ ਲੈਂਣ ਲਈ ਆਉਂਦਾ ਤਾਂ ਉਹ ਉਸਨੂੰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਕੋਲ ਲੈ ਆਉਂਦੇ ਅਤੇ ਅਰਜ਼ ਕਰਦੇ ਕਿ ਇਸ ਨੂੰ ਉਸ ਮਾਲ ਦਾ ਮੁੱਲ ਉਤਾਰ ਦੇਣ । ਇਸ'ਤੇ ਆਪ ਸਲਲੱਾਹੁ ਐਲੈਹਿ ਵਸਲੱਮ ਫ਼ਰਮਾਉਂਦੇ ਕਿ ਕੀ ਤੁਸੀਂ ਇਹ ਚੀਜ਼ ਮੈਨੂੰ ਤੁਹਫ਼ੇ ਦੇ ਰੂਪ ਵਿੱਚ ਨਹੀਂ ਦਿੱਤੀ ਸੀ ਤਾਂ ਉਹ ਕਹਿੰਦੇ, ਹੇ ਰਸੂਲੁਲੱਾਹ ! ਰੱਬ ਸਹੁੰ ਮੇਰੇ ਕੋਲ ਉਸ ਚੀਜ਼ ਦੇ ਮੁੱਲ ਉਤਾਰਨ ਦੀ ਕੋਈ ਰਕਮ ਨਹੀਂ ਸੀ, ਹਾਂ, ਮੇਰਾ ਸ਼ੌਕ ਸੀ ਕਿ ਜੇਕਰ ਉਹ ਖਾਣ ਵਾਲੀ ਚੀਜ਼ ਹੈ ਤਾਂ ਆਪ ਉਸਨੂੰ ਖਾਣ, ਜੇ ਰਖੱਣ ਵਾਲੀ ਚੀਜ਼ ਹੈ ਤਾਂ ਆਪ ਉਸਨੂੰ ਰਖੱਣ । ਇਸ'ਤੇ ਆਪ ਸਲਲੱਾਹੁ ਅਲੈਹਿ ਵਸਲੱਮ ਮੁਸਕਰਾਉਂਣ ਲਗੱਦੇ ਅਤੇ ਉਸ ਦੇ ਮਾਲਕ ਨੂੰ ਉਸਦਾ ਮੁੱਲ ਦੇਣ ਦਾ ਆਦੇਸ਼ ਦੇ ਦਿੰਦੇ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਅਜੀਬ ਪਿਆਰ, ਪ੍ਰੇਮ ਤੇ ਆਨੰਦ ਦੀ ਸਭਾਵਾਂ ਹੋਇਆ ਕਰਦੀਆਂ ਸਨ । ਇਹ ਕੇਵਲ ਖ਼ੁਸ਼ਕ ਸਭਾਵਾਂ ਨਹੀਂ ਹੁੰਦੀਆਂ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਦੂਜਾ ਜ਼ਿਕਰ ਜੋ ਅੱਜ ਹੋਵੇਗਾ ਉਹ ਹਜ਼ਰਤ ਖ਼ਬੀਬ ਬਿਨ ਅਸਾਫ਼ ਦਾ ਹੈ । ਹਜ਼ਰਤ ਖ਼ਬੀਬ ਰਜ਼ੀ ਅਲੱਾਹ ਅਨਹੁ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖ਼ਾ ਬਨੂ ਜਸ਼ਮ ਨਾਲ ਸੀ । ਹਜ਼ਰਤ ਅਬੂਬਕਰ ਸਿੱਦੀਕ ਦੀ ਵਫ਼ਾਤ ਦੇ ਬਾਦ ਹਜ਼ਰਤ ਖ਼ਬੀਬ ਨੇ ਉਹਨਾਂ ਦੀ ਵਿਧਵਾ ਖ਼ਬੀਬਾਹ ਬਿੰਤ ਖ਼ਾਰਜਾ ਨਾਲ ਵਿਆਹ ਕੀਤਾ ਸੀ । ਹਜ਼ਰਤ ਖ਼ਬੀਬ ਬੇਸ਼ਕ ਮਦੀਨੇ ਵੱਲ ਹਿਜਰਤ ਸਮੇਂ ਮੁਸਲਮਾਨ ਨਹੀਂ ਸਨ ਪਰ ਫਿਰ ਵੀ ਉਹਨਾ ਨੂੰ ਮਦੀਨੇ ਹਿਜਰਤ ਸਮੇਂ ਮੁਹਾਜਰਾਂ ਦੀ ਮੇਜ਼ਬਾਨੀ ਕਰਨ ਦਾ ਸੁਅਵਸਰ ਪ੍ਰਾਪਤ ਹੋਇਆ ਸੀ । ਹਜ਼ਰਤ ਤਲਹਾ ਬਿਨ ਅਬਦੁਲੱਾਹ ਅਤੇ ਹਜ਼ਰਤ ਸੁਹੈਬ ਬਿਨ ਸਨਾਨ ਉਹਨਾ ਦੇ ਘਰ ਠਹਿਰੇ । ਇਸੇ ਪ੍ਰਕਾਰ ਹਜ਼ਰਤ ਅਬੂਬਕਰ ਸਿੱਦੀਕ ਨੇ ਜਦ ਮਦੀਨੇ ਵੱਲ ਹਿਜਰਤ ਕੀਤੀ ਤਾਂ ਇਕ ਰਿਵਾਇਤ ਅਨੁਸਾਰ ਉਹਨਾ ਦੇ ਹਜ਼ਰਤ ਖ਼ਬੀਬ ਦੇ ਘਰ ਕਬਾ ਵਿੱਚ ਸਨਆ ਦੇ ਸਥਾਨ ਉਪੱਰ ਪੜਾਅ ਕੀਤਾ ਸੀ । ਬਦਰ ਦੀ ਜੰਗ ਸਣੇ ਉਹਦ, ਖ਼ੰਦਕ ਤੇ ਹੋਰਨਾ ਸਾਰੀਆਂ ਜੱਗਾਂ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨਾਲ ਇਹ ਸ਼ਮਾਲ ਹੋਏ । ਇਕ ਰਿਵਾਇਤ ਅਨੁਸਾਰ ਖ਼ਬੀਬ ਦਾ ਮਦੀਨੇ ਵਿੱਚ ਪੜਾਅ ਸੀ ਪਰ ਇਸ ਦੇ ਹੁੰਦਿਆਂ ਹੋਇਆਂ ਵੀ ਆਪ ਨੇ ਇਸਲਾਮ ਕੁਬੂਲ ਨਹੀਂ ਕੀਤਾ ਸੀ ਇੱਥੋਂ ਤੱਕ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਬਦਰ ਦੀ ਜੰਗ ਲਈ ਰਵਾਨਾ ਹੋ ਗਏ । ਫਿਰ ਇਹ ਮਾਰਗ ਵਿੱਚ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਜਾ ਮਿਲੇ ਅਤੇ ਇਸਲਾਮ ਕੁਬੂਲ ਕੀਤਾ ।

ਸਹੀ ਮੁਸਲਿਮ ਵਿੱਚ ਹਜ਼ਰਤ ਖ਼ਬੀਬ ਦੇ ਇਸਲਾਮ ਕੁਬੂਲ ਕਰਨ ਦਾ ਜ਼ਿਕਰ ਇਉਂ ਮਿਲਦਾ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਸੁਪੱਤਨੀ ਉਮੁੱਲ ਮੋਮਿਨੀਨ ਹਜ਼ਰਤ ਆਇਸ਼ਾ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹ ਅਲੈਹਿ ਵਸਲੱਮ ਬਦਰ ਵੱਲ ਨਿਕਲੇ । ਜੱਦ ਹਰੱਤੁਲ ਗ਼ੈਬਰਹ ਜੋ ਮਦੀਨੇ ਤੋਂ ਤਿੰਨ ਮੀਲ ਦੀ ਦੂਰੀ'ਤੇ ਇਕ ਸਥਾਨ ਹੈ, ਉੱਥੇ ਪਹੁੰਚੇ ਤਾਂ ਆਪ ਨੂੰ ਇਕ ਵਿਅਕਤੀ ਮਿਲਿਆ ਜਿਸਦੀ ਜੁਰੱਤ ਤੇ ਬਹਾਦੁਰੀ ਦਾ ਜ਼ਿਕਰ ਕੀਤਾ ਜਾਂਦਾ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਸਹਾਬਾ ਨੇ ਜੱਦ ਉਸ ਨੂੰ ਦੇਖਿਆ ਤਾਂ ਬਹੁਤ ਖ਼ੁਸ਼ ਹੋਏ । ਇਸ ਵਿਅਕਤੀ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਕੇ ਅਰਜ਼ ਕੀਤੀ ਕਿ ਮੈਂ ਆਪ ਨਾਲ ਜਾਣ ਅਤੇ ਆਪ ਦੇ ਨਾਲ ਮਾਲੇ ਗ਼ਨੀਮਤ ਵਿੱਚ ਹਿਸੱਾ ਪਾਉਣ ਲਈ ਆਇਆ ਹਾਂ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਉਸ ਨੂੰ ਪੁੱਛਿਆ, ਕੀ ਤੁਸੀਂ ਅਲੱਾਹ ਅਤੇ ਉਸਦੇ ਰਸੂਲ ਉਪੱਰ ਇਮਾਨ ਲਿਆਉਦੇ ਹੋ ? ਉਸ ਨੇ ਕਿਹਾ ਨਹੀਂ, ਮੈਂ ਇਮਾਨ ਨਹੀਂ ਲਿਆਉਂਦਾ । ਇਸ'ਤੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਵਾਪਸ ਚਲੇ ਜਾਓ ਕਿਉਂਕਿ ਮੈਂ ਕਿਸੇ ਮੁਸ਼ਰਿਕ ਦੀ ਮਦਦ ਨਹੀਂ ਲਿਆਂਗਾ । ਖ਼ਬੀਬ ਚਲਾ ਗਿਆ, ਇੱਥੋਂ ਤੱਕ ਕਿ ਫਿਰ ਜੱਦ ਆਪ ਸ਼ਜਰਾ ਦੇ ਅਸਥਾਨ ਉਪੱਰ ਪਹੁੰਚੇ ਜੋ ਮਦੀਨੇ ਤੋਂ ਛੇ ਸੱਤ ਮੀਲ ਦੂਰੀ ਉਪੱਰ ਹੈ ਤਾਂ ਉਹ ਵਿਅਕਤੀ ਫਿਰ ਆਪਨੂੰ ਮਿਲਿਆ ਅਤੇ ਫਿਰ ਉਸੇ ਪ੍ਰਕਾਰ ਕਿਹਾ ਜਿਵੇਂ ਪਹਿਲੀ ਵਾਰ ਕਿਹਾ ਸੀ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਉਸਨੂੰ ਉਸੇ ਪ੍ਰਕਾਰ ਹੀ ਫ਼ਰਮਾਇਆ ਜਿਵੇਂ ਪਹਿਲਾਂ ਕਿਹਾ ਸੀ । ਫਿਰ ਉਹ ਪਰਤ ਗਿਆ ਅਤੇ ਆਪ ਨੂੰ ਬੈਜ਼ਾ ਸਥਾਨ ਉਪੱਰ ਮਿਲਿਆ ਆਪ ਨੇ ਫ਼ਰਮਾਇਆ ਕਿ ਕੀ ਤੁਸੀਂ ਅਲੱਾਹ ਅਤੇ ਉਸ ਦੇ ਰਸੂਲ ਉਪੱਰ ਇਮਾਨ ਲਿਆਉਂਦੇ ਹੋ ? ਉਸ ਨੇ ਕਿਹਾ ਜੀ, ਹਾਂ । ਤਾਂ ਰਸੂਲੁਲਾਹ ਸਲਲੱਾਹੁ ਅਲੈਹਿ ਵਸਲੱਮ ਨੇ ਉਸਨੂੰ ਫ਼ਰਮਾਇਆ ਕਿ ਚੱਲੋ, ਹੁਣ ਤੁਸੀਂ ਮੇਰੇ ਨਾਲ ਚੱਲ ਸਕਦੇ ਹੋ ।

ਬਦਰ ਦੀ ਜੰਗ ਵਿੱਚ ਹਜ਼ਰਤ ਖ਼ਬੀਬ ਬਿਨ ਅਸਾਫ਼ ਨੇ ਮੱਕੇ ਦੇ ਕੁਰੈਸ਼ਾਂ ਦੇ ਸਰਦਾਰ ਉਮਯੱਾ ਬਿਨ ਖ਼ਲਖ਼ ਨੂੰ ਕਤਲ ਕੀਤਾ ਸੀ । ਇਸ ਘਟਨਾ ਦਾ ਜ਼ਿਕਰ ਕਰਦਿਆਂ ਹੋਇਆਂ ਅਲੱਾਮਾ ਨੂਰੁੱਦੀਨ ਹਲਬੀ ਆਪਣੀ ਕਿਤਾਬ ਸ਼ੀਰਾਤੁਲ ਹਲਬੀਯਹ ਵਿੱਚ ਵਰਨਣ ਕਰਦੇ ਹਨ ਕਿ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਤੋਂ ਰਿਵਾਇਥ ਹੈ ਕਿ

ਬਦਰ ਦੇ ਮੈਦਾਨ ਵਿੱਚ ਮੈਂਨੂੰ ਉਮਯੱਾ ਬਿਨ ਖ਼ਲਫ਼ ਮਿਲਿਆ। ਉਹ ਜਾਹਲੀਯਤ ਦੇ ਜ਼ਮਾਨੇ ਵਿੱਚ ਮੇਰਾ ਮਿਤੱਰ ਸੀ । ਉਮਯੱਾ ਨਾਲ ਉਸਦਾ ਪੁਤੱਰ ਅਲੀ ਵੀ ਸੀ । ਹਜ਼ਰਤ ਅਬਦੁਰ ਰਹਮਾਨ ਬਿਆਨ ਕਰਦੇ ਹਨ ਕਿ ਮੇਰੇ ਕੋਲ ਕਈ ਜਿਰਹ (ਬਕਤਰ, ਸੰਜੋਆ) ਸਨ, ਜਿੰਨ੍ਹਾ ਨੂੰ ਮੈਂ ਚੁੱਕਿਆ ਹੋਇਆ ਸੀ । ਜੱਦ ਉਮਯੱਾ ਨੇ ਮੈਂਨੂੰ ਦੇਖਿਆ ਤਾਂ ਮੈਂਨੂੰ ਸੱਦਿਆ, ਉਮਯੱਾ ਨੇ ਕਿਹਾ ਜੇਕਰ ਤੁਹਾਡੇ ਉਪੱਰ ਮੇਰਾ ਕੋਈ ਹੱਕ ਹੈ ਤਾਂ ਮੈਂ ਤੁਹਾਡੇ ਲਈ ਇਹਨਾ ਬਕਤਰਾਂ ਤੋਂ ਬਿਹਤਰ ਹਾਂ, ਜੋ ਤੇਰੇ ਕੋਲ ਹਨ । ਮੈਂ ਉਹਨਾ ਨੂੰ ਕਿਹਾ ਠੀਕ ਹੈ । ਫਿਰ ਮੈਂ ਬਕਤਰਾਂ ਨੂੰ ਹੇਠਾਂ ਰਖੱਕੇ ਉਮਯੱਾ ਅਤੇ ਉਸਦੇ ਪੁਤੱਰ ਅਲੀ ਦਾ ਹੱਥ ਫੜ੍ਹ ਲਿਆ । ਉਮਯੱਾ ਕਹਿਣ ਲਗੱਾ ਕਿ ਮੈਂ ਜੀਵਨ ਭਰ ਕਦੇ ਅਜਿਹਾ ਦਿਨ ਨਹੀਂ ਦੇਖਿਆ ਜੋ ਅੱਜ ਬੀਤਿਆ ਹੈ ਬਦਰ ਦੇ ਦਿਨ । ਫਿਰ ਉਸਨੇ ਪੁੱਛਿਆ ਕਿ ਤੁਹਾਡੇ ਵਿੱਚ ਉਹ ਵਿਅਕਤੀ ਕੌਣ ਹੈ ਜਿਸਨੇ ਹਿੱਕ ਉਪੱਰ ਬਕਤਰ ਵਿੱਚ ਸ਼ੁਤਰਮੁਰਗ ਦਾ ਪਰ ਲਾਇਆ ਹੋਇਆ ਹੈ ਮੈਂ ਕਿਹਾ ਹਮਜ਼ਹ ਬਿਨ ਅਬਦੁਲ ਮੁਤਲਬ, ਤਾਂ ਉਮਯੱਾ ਨੇ ਕਿਹਾ ਕਿ ਇਹ ਸਾਰਾ ਇਸੇ ਦਾ ਕੀਤਾ ਕਰਾਇਆ ਹੈ । ਇਹਨਾ ਕਰਕੇ ਸਾਡੀ ਇਹ ਹਾਲਤ ਹੋਈ ਹੈ । ਬਹਿਰਹਾਲ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਕਹਿੰਦੇ ਹਨ ਕਿ ਇਸ ਦੇ ਬਾਦ ਮੈਂ ਇਹਨਾ ਦੋਹਾਂ ਨੂੰ ਲੈਕੇ ਚੱਲ ਰਿਹਾ ਸੀ ਕਿ ਅਚਾਨਕ ਹਜ਼ਰਤ ਬਿਲਾਲ ਨੇ ਉਮਯੱਾ ਨੂੰ ਮੇਰੇ ਨਾਲ ਦੇਖ ਲਿਆ । ਮੱਕੇ ਵਿੱਚ ਉਮਯੱਾ ਹਜ਼ਰਤ ਬਿਲਾਲ ਨੂੰ ਇਸਲਾਮ ਤੋਂ ਫਿਰ ਜਾਣ ਲਈ ਬਹੁਤ ਅਜ਼ਾਬ ਦਿਆ ਕਰਦਾ ਸੀ । ਹਜ਼ਰਤ ਬਿਲਾਲ ਉਮਯੱਾ ਨੂੰ ਦੇਖਦੇ ਹੀ ਬੋਲੇ ਕਾਫ਼ਰਾਂ ਦਾ ਸਰਦਾਰ ਉਮਯੱਾ ਬਿਨ ਖ਼ਲਫ਼ ਇੱਥੇ ਹੈ । ਜੇਕਰ ਇਹ ਬੱਚ ਗਿਆ ਤਾਂ ਸਮਝੋ ਮੈਂ ਨਹੀਂ ਬੱਚਿਆ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਕਹਿੰਦੇ ਹਨ ਕਿ ਇਹ ਸੁਣਕੇ ਮੈਂ ਕਿਹਾ ਕਿ ਤੁਸੀਂ ਮੇਰੇ ਕੈਦੀਆਂ ਬਾਰੇ ਅਜਿਹਾ ਕਹਿ ਰਹੇ ਹੋ । ਹਜ਼ਰਤ ਬਿਲਾਲ ਉੱਚੀ ਅਵਾਜ਼ ਵਿੱਚ ਚੀਕੇ ਕਿ ਹੇ ਅਲੱਾਹ ਦੇ ਅੰਸਾਰ ! ਇਹ ਕਾਫ਼ਰਾਂ ਦਾ ਸਰਦਾਰ ਉਮਯੱਾ ਬਿਨ ਖ਼ਲਫ਼ ਹੈ ਜੇਕਰ ਇਹ ਬੱਚ ਗਿਆ ਤਾਂ ਸਮਝੋ ਮੈਂ ਨਹੀਂ ਬਚਿਆ ਅਤੇ ਵਾਰ ਵਾਰ ਅਜਿਹਾ ਕਿਹਾ । ਹਜ਼ਰਤ ਅਬਦੁਰ ਰਹਮਾਨ ਕਹਿੰਦੇ ਹਨ ਕਿ ਇਹ ਸੁਣਕੇ ਅੰਸਾਰੀ ਦੌੜ ਪਏ ਅਤੇ ਉਹਨਾ ਨੇ ਸਾਨੂੰ ਚਾਰੇ ਪਾਸਿਓਂ ਘੇਰ ਲਿਆ ਫਿਰ ਹਜ਼ਰਤ ਬਿਲਾਲ ਨੇ ਤਲਵਾਰ ਧੂਹ ਲਈ ਅਤੇ ਉਮਯੱਾ ਦੇ ਪੁਤੱਰ ਉਪੱਰ ਹਮਲਾ ਕੀਤਾ ਜਿਸਦੇ ਸਿੱਟੇ ਵਿੱਚ ਉਹ ਹੇਠਾਂ ਡਿੱਗ ਗਿਆ, ਉਮਯੱਾ ਨੇ ਇਸ'ਤੇ ਖ਼ੌਫ਼ ਕਰਕੇ ਅਜਿਹੀ ਭਿਆਨਕ ਚੀਕ ਮਾਰੀ ਕਿ ਅਜਿਹੀ ਚੀਕ ਮੈਂ ਕਦੇ ਨਹੀਂ ਸੁਣੀ । ਇਸਦੇ ਬਾਦ ਅੰਸਾਰੀਆਂ ਨੇ ਇਹਨਾ ਦੋਹਾਂ ਨੂੰ ਤਲਵਾਰਾਂ ਦੇ ਵਾਰ ਨਾਲ ਕੱਟ ਸੁਟਿਆ ।

ਉਮਯੱਾ ਨੂੰ ਅੰਸਾਰ ਦੇ ਕਬੀਲੇ ਬਨੂ ਮਅਜ਼ਨ ਦੇ ਇਕ ਵਿਅਕਤੀ ਨੇ ਕਤਲ ਕੀਤਾ ਸੀ ਜੱਦ ਕਿ ਇਬਨੇ ਹਸ਼ੱਾਮ ਕਹਿੰਦੇ ਹਨ ਕਿ ਉਮਯੱਾ ਨੂੰ ਹਜ਼ਰਤ ਮਆਜ਼ ਬਿਨ ਅਫ਼ਰਾ ਖ਼ਰਜਾ ਬਿਨ ਜ਼ੈਦ ਅਤੇ ਖ਼ਬੀਬ ਬਿਨ ਅਸਾਫ਼ ਨੇ ਮਿਲਕੇ ਕਤਲ ਕੀਤਾ ਸੀ ਅਰਥਾਤ ਜਿੰਨ੍ਹਾ ਸਹਾਬੀ ਦਾ ਅਜੇ ਵਰਨਣ ਚੱਲ ਰਿਹਾ ਹੈ । ਇਹ ਵੀ ਕਿਹਾ ਜਾਂਦਾ ਹੈ ਕਿ ਹਜ਼ਰਤ ਬਿਲਾਲ ਦੇ ਉਸਨੂੰ ਕਤਲ ਕੀਤਾ ਸੀ ਪਰ ਫਿਰ ਵੀ ਵਾਸਤਵਿਕਤਾ ਇਹ ਹੈ ਕਿ ਸਾਰੇ ਸਹਾਬਾ ਉਮਯੱਾ ਦੇ ਕਤਲ ਵਿੱਚ ਸ਼ਾਮਲ ਸਨ ਅਤੇ ਉਮਯੱਾ ਦੇ ਪੁਤੱਰ ਅਲੀ ਨੂੰ ਹਜ਼ਰਤ ਬਿਲਾਲ ਨੇ ਹਮਲਾ ਕਰਕੇ ਹੇਠਾ ਡਿਗਾ ਦਿਤੱਾ ਸੀ । ਬਾਦ ਵਿੱਚ ਹਜ਼ਤ ਅਮੱਾਰ ਬਿਨ ਯਾਸਿਰ ਨੇ ਉਸਨੂੰ ਕਤਲ ਕੀਤਾ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕੁਝ ਘਟਨਾਵਾਂ ਦੇ ਵਿਸਥਾਰ ਵਿੱਚ ਸਿੱਧੇ ਰੂਪ ਵਿੱਚ ਉਸ ਸਹਾਬੀ ਦਾ ਉਹਨਾ ਨਾਲ ਸੰਬੰਧ ਨਹੀਂ ਹੁੰਦਾ ਪਰ ਇਸ ਵਿੱਚ ਜ਼ਿਕਰ ਹੁੰਦਾ ਹੈ ਇਸ ਲਈ ਮੈਂ ਜ਼ਿਕਰ ਕਰ ਦਿੰਦਾ ਹਾਂ ਤਾਂ ਜੋ ਸਾਨੂੰ ਇਤਿਹਾਸ ਦਾ ਵੀ ਕੁਝ ਗਿਆਨ ਹਾਸਲ ਹੋ ਜਾਏ ।

ਖ਼ਬੀਬ ਬਿਨ ਅਬਦੁਰ ਰਹਮਾਨ ਬਿਆਨ ਕਰਦੇ ਹਨ ਕਿ ਮੇਰੇ ਦਾਦਾ ਹਜ਼ਰਤ ਖ਼ਬੀਬ ਨੂੰ ਬਦਰ ਦੀ ਜੰਗ ਦੇ ਦਿਨ ਇਕ ਜ਼ਖ਼ਮ ਪਹੁੰਚਿਆ ਸੀ ਜਿਸ ਨਾਲ ਉਹਨਾ ਦੀ ਪਸਲੀ ਟੁੱਟ ਗਈ ਸੀ, ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਉਸ ਥਾਂ ਆਪਣਾ ਪਵਿੱਤਰ ਥੁੱਕ ਲਗਾਕੇ ਉਸਨੂੰ ਆਪਣੇ ਟਿਕਾਣੇ'ਤੇ ਸਹੀ ਤੇ ਦੁਰੁਸਤ ਕਰ ਦਿਤੱਾ ਜਿਸਦੇ ਸਿੱਟੇ ਵਿੱਚ ਹਜ਼ਰਤ ਖ਼ਬੀਬ ਚਲੱਣ ਲੱਗ ਪਏ । ਇਕ ਦੂਜੀ ਰਿਵਾਇਤ ਵਿੱਚ ਜ਼ਿਕਰ ਹੈ ਕਿ ਹਜ਼ਰਤ ਖ਼ਬੀਬ ਨੇ ਬਿਆਨ ਕੀਤਾ ਕਿ ਇਕ ਜੰਗ ਸਮੇਂ ਮੇਰੇ ਮੋਢੇ ਉਪੱਰ ਡੂੰਘਾ ਜ਼ਖ਼ਮ ਲਗੱਾ ਜੋ ਮੇਰੇ ਢਿੱਡ ਤੱਕ ਪਹੁੰਚ ਗਿਆ ਅਤੇ ਇਸ ਸਿੱਟੇ ਵਿੱਚ ਮੇਰਾ ਹੱਥ ਲਮਕ ਗਿਆ, ਫਿਰ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਥਾਂ ਆਪਣਾ ਪਵਿੱਤਰ ਥੁੱਕ ਲਗਾਕੇ ਉਸਨੂੰ ਆਪਣੇ ਟਿਕਾਣੇ'ਤੇ ਜੋੜ ਦਿਤੱਾ ਜਿਸਦੇ ਸਿੱਟੇ ਵਿੱਚ ਉਹ ਬਿਲਕੁਲ ਠੀਕ ਹੋ ਗਿਆ ਅਤੇ ਮੇਰਾ ਜ਼ਖ਼ਮ ਵੀ ਠੀਕ ਹੋ ਗਿਆ ।

ਹਜ਼ਰਤ ਖ਼ਬੀਬ ਦੀ ਵਫ਼ਾਤ ਹਜ਼ਰਤ ਉਮਰ ਦੇ ਖ਼ਿਲਾਫ਼ਤ ਕਾਲ ਵਿੱਚ ਹੋਈ ਸੀ ਜੱਦਕਿ ਹੋਰਨਾ ਕਥਨਾ ਅਨੁਸਾਰ ਇਹਨਾ ਦੀ ਮੌਤ ਹਜ਼ਰਤ ਉਸਮਾਨ ਦੇ ਖ਼ਿਲਾਫ਼ਤ ਕਾਲ ਵਿੱਚ ਹੋਈ ਸੀ । ਬਹਿਰਹਾਲ ਅਲੱਾਹ ਤਆਲਾ ਇਹਨਾ ਸਹਾਬਾ ਦੇ ਦਰਜੇ ਬੁਲੰਦ ਕਰਦਾ ਚਲਾ ਜਾਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਤਿੰਨ ਫ਼ੌਤ ਹੋਏ ਵਿਅਕਤੀਆਂ ਦਾ ਵੀ ਵਰਨਣ ਕਰਾਂਗਾ ਅਤੇ ਇਹਨਾ ਦੀ ਨਮਾਜ਼ ਜਨਾਜ਼ਾਹ ਵੀ ਪੜ੍ਹਾਵਾਂਗਾ । ਇਹਨਾਂ ਵਿੱਚੋਂ ਪਹਿਲਾ ਜ਼ਿਕਰ ਮੁਹਤਰਮਾ ਰਸ਼ੀਦਾ ਬੇਗ਼ਮ ਸਾਹਿਬਾ ਸੁਪਤਨੀ ਸਯੱਦ ਮੁਹਮੱਦ ਸਰਵਰ ਸਾਹਬ ਦਾ ਹੈ ਜੋ ਰਬਵਾ ਵਿੱਚ 24 ਅਗਸਤ ਨੂੰ 74 ਸਾਲ ਦੀ ਉਮਰ ਵਿੱਚ ਇਲਾਹੀ ਹੁਕਮਾ ਅਨੁਸਾਰ ਸਵਰਗ ਸਿਧਾਰ ਗਈ ਹਨ । ( اناللهواناالیہراجعون) ਮਰਹੂਮਾ ਦੇ ਖ਼ਾਨਦਾਨ ਵਿੱਚ ਅਹਦੀਅਤ ਦਾ ਪੌਦਾ ਉਹਨਾ ਦੇ ਦਾਦਾ ਮੁਕਰੱਮ ਫ਼ਤਹ ਮੁਹਮੱਦ ਸਾਹਬ ਰਾਹੀਂ ਲਗੱਾ ਸੀ ਜਿੰਨ੍ਹਾ ਨੇ ਕਾਦੀਆਂ ਜਾਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਹਾਬੀ ਹਜ਼ਰਤ ਕਾਜ਼ੀ ਮੁਹਮੱਦ ਅਕਬਰ ਸਾਹਬ ਰਾਹੀਂ ਬੈਅਤ ਦਾ ਸੁਭਾਗ ਪ੍ਰਾਪਤ ਕੀਤਾ । ਕਾਜ਼ੀ ਸਾਹਬ ਨੇ 1894 ਈ. ਵਿੱਚ ਚੰਨ੍ਹ ਤੇ ਸੂਰਜ ਗ੍ਰਹਿਣ ਦਾ ਨਿਸ਼ਾਨ ਦੇਖਕੇ ਆਪਣੇ ਖੇਤਰ ਅਤੇ ਪਰਿਵਾਰ ਦੇ ਲੋਕਾਂ ਨੂੰ ਦੱਸਿਆ ਸੀ ਕਿ ਇਸ ਨਿਸ਼ਾਨ ਤੋਂ ਪਤਾ ਲਗੱਾ ਹੈ ਕਿ ਇਮਾਮ ਮਹਦੀ ਅਲੈਹਿ ਸਲਾਮ ਪ੍ਰਕਟ ਹੋ ਚੁੱਕੇ ਹਨ। ਇਹਨਾ ਦੇ ਇਕ ਪੁਤੱਰ ਮੁਹਮੱਦ ਜ਼ਕਰੀਯਾ ਸਾਹਬ ਮੁਬਲੱਗ਼ ਲਾਇਬੀਰੀਯਾ ਕਹਿੰਦੇ ਹਨ ਕਿ ਮੇਰੀ ਮਾਂ ਚੰਦਿਆਂ ਨੂੰ ਬਹੁਤ ਬਕਾਇਦਗੀ ਨਾਲ ਅਦਾ ਕਰਦੀ ਸਨ ਅਤੇ ਬਹੁਤ ਚਿੰਤਾ ਰਹਿੰਦੀ ਸੀ ਅਤੇ ਪੁਛੱਦੀ ਰਹਿੰਦੀ ਸਨ ਕਿ ਮੇਰਾ ਚੰਦਾ ਅਦਾ ਹੋ ਗਿਆ ਹੈ ਕਿ ਨਹੀਂ । ਇਸ ਤੋਂ ਬਿਨਾ ਉਹ ਬੱਚਿਆਂ ਦੀ ਤਰਬੀਯਤ ਦੇ ਮਾਮਲੇ ਵਿੱਚ ਵੀ ਬਹੁਤ ਚਿੰਤਤ ਰਹਿੰਦੀ ਸਨ । ਖ਼ਿਲਾਫ਼ਤ ਨਾਲ ਅਤਿਅੰਤ ਪਿਆਰ ਤੇ ਵਫ਼ਾਦਾਰੀ ਦਾ ਸੰਬੰਧ ਸੀ । ਬਹੁਤ ਧਿਆਨ ਨਾਲ ਖ਼ੁਤਬੇ ਸੁਣਦੀ ਸਨ ਅਤੇ ਉਸਦੇ ਪੁਆਇੰਟਸ ਨੋਟ ਕਰਦੀ ਸਨ ਅਤੇ ਫਿਰ ਆਪਣੇ ਬੱਚਿਆ ਨਾਲ ਡਿਸਕਸ ਕਰਦੀ ਸਨ । ਅਲੱਾਹ ਤਆਲਾ ਇਹਨਾ ਦੇ ਬੱਚਿਆਂ ਨੂੰ ਇਹਨਾ ਨੇਕੀਆਂ ਨੂੰ ਜਾਰੀ ਰਖੱਣ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਇਹਨਾ ਦੀ ਮਾਂ ਦੇ ਦਰਜਿਆਂ ਨੂੰ ਬੁਲੰਦ ਕਰੇ ।

ਦੂਜਾ ਜਨਾਜ਼ਾਹ ਮੁਹਤਰਮ ਮੁਹਮੱਦ ਸ਼ਮਸ਼ੇਰ ਖ਼ਾਨ ਸਾਹਬ ਸਦਰ ਜਮਾਤ ਨਾਂਦੀ ਫ਼ਿਜੀ ਦਾ ਹੈ । ਇਹਨਾ ਦੀ 5 ਸਤੰਬਰ ਨੂੰ ਮੌਤ ਹੋਈ ਸੀ (اناللهواناالیہراجعون) । 1962 ਈ. ਵਿੱਚ ਆਪਣੇ ਮਰਹੂਮ ਪਿਤਾ ਨਾਲ ਲਹੌਰੀ ਜਮਾਤ ਨਾਲ ਬੈਅਤ ਕਰਕੇ ਜਮਾਤ ਅਹਮਦੀਆ ਵਿੱਚ ਦਾਖ਼ਲ ਹੋਏ ਸਨ । ਆਪ ਜਮਾਤ ਫ਼ਿਜੀ ਦੇ ਅਰੰਭਕ ਮੈਂਬਰਾਂ ਵਿੱਚੋਂ ਸਨ । ਰੱਬ ਦੀ ਅਪਾਰ ਮਿਹਰ ਨਾਲ ਲੰਮਾ ਸਮਾਂ ਜਮਾਤ ਦੀ ਸੇਵਾ ਕਰਨ ਦਾ ਮੌਕਾ ਮਿਲਿਆ । ਜਮਾਤ ਅਹਮਦੀਆ ਮਾਰੋ, ਸੋਵਾ, ਨਾਂਦੀ ਅਤੇ ਲਟੋਕਾ ਵਿੱਚ ਮਸਜਿਦਾਂ ਬਨਾਉਣ ਵਿੱਚ ਆਪ ਦਾ ਮਹਤੱਵਪੂਰਨ ਕਿਰਦਾਰ

ਸੀ । 2010 ਈ. ਤੋਂ ਵਫ਼ਾਤ ਤੱਕ ਸਦਰ ਦੇ ਰੂਪ ਵਿੱਚ ਜਮਾਤ ਨਾਂਦੀ ਦੀ ਸੇਵਾ ਦੀ ਤੌਫ਼ੀਕ ਮਿਲੀ । ਅਲੱਾਹ ਤਆਲਾ ਮਰਹੂਮ ਨਾਲ ਬਖ਼ਸ਼ਿਸ਼ ਤੇ ਰਹਿਮ ਨਾ ਸੁਲੂਕ ਫ਼ਰਮਾਏ ਅਤੇ ਇਹਨਾਂ ਦੇ ਬੱਚਿਆਂ ਨੂੰ ਵੀ ਨੇਕੀਆਂ ਜਾਰੀ ਰਖੱਣ ਦਾ ਸੰਜੋਗ ਪ੍ਰਦਾਨ ਕਰੇ ।

ਤੀਜਾ ਜਨਾਜ਼ਾਹ ਮੁਕਰੱਮਾ ਫ਼ਾਤਮਾ ਮੁਹੱਮਦ ਸਾਹਿਬਾ ਕਰਦਸਤਾਨ ਹੁਣ ਨਾਰਵੇ ਦਾ ਹੈ । ਇਹਨਾ ਦੀ ਵਫ਼ਾਤ 13 ਜੂਨ ਨੂੰ 88 ਸਾਲ ਦੀ ਉਮਰ ਵਿੱਚ ਹੋਈ ਸੀ । (اناللهوانااليہراجعون) ਇਹਨਾ ਨੇ 2014 ਈ. ਵਿੱਚ ਬੈਅਤ ਕਰਨ ਦਾ ਸੁਭਾਗ ਪ੍ਰਾਪਤ ਕੀਤਾ । ਇਹਨਾ ਦੀ ਬੇਟੀ ਕਹਿੰਦੀ ਹਨ ਕਿ ਮਾਂ ਜੀ ਭਾਵੇਂ ਅਨਪੜ੍ਹ ਸਨ ਪਰ ਇਹਨਾ ਨੂੰ ਕੁਰਆਨ ਕਰੀਮ ਦੀਆਂ ਬਹੁਤ ਸਾਰੀਆਂ ਆਇਤਾਂ ਅਤੇ ਬਹੁਤ ਸਾਰੀਆਂ ਹਦੀਸਾਂ ਜ਼ਬਾਨੀ ਯਾਦ ਸਨ । ਇਹਨਾ ਦੇ ਜੀਵਨ ਵਿੱਚ ਸਭ ਤੋਂ ਮਹਤੱਵਪੂਰਨ ਕੰਮ ਨਮਾਜ਼ ਨੂੰ ਸਮੇਂ ਸਿਰ ਪੜ੍ਹਨਾ ਸੀ । ਇਸੇ ਪ੍ਰਕਾਰ ਰੋਜ਼ੇ ਬਹੁਤ ਅਧਿਕ ਰੱਖਿਆ ਕਰਦੀ ਸਨ ਅਤੇ ਬਹੁਤ ਵਾਰੀ ਕਿਹਾ ਕਰਦੀ ਸਨ ਕਿ ਮੈਂ ਉਹਨਾ ਲੋਕਾਂ ਨੇ ਨਾਂ'ਤੇ ਰੋਜ਼ੇ ਰਖੱਦੀ ਹਾਂ ਜੋ ਰੋਜ਼ੇ ਰਖੱਣ ਦੀ ਤਾਕਤ ਨਹੀਂ ਰਖੱਦੇ । ਦੂਜਿਆਂ ਦੀ ਮਦਦ ਕਰਨ ਦਾ ਐਨ੍ਹਾ ਚਾਅ ਸੀ ਕਿ ਇਰਾਕ ਵਿੱਚ ਕਈ ਵਾਰ ਮਾਂ ਜੀ ਪੰਜਾਹ ਮੀਲ ਦਾ ਸਫ਼ਰ ਕਰਕੇ ਉਹਨਾ ਇਸਤਰੀਆਂ ਨਾਲ ਹਸਪਤਾਲ ਜਾਂਦੀ ਜਿੰਨ੍ਹਾ ਦਾ ਇਲਾਜ ਕਰਨ ਵਾਲਾ ਕੋਈ ਨਹੀਂ ਹੁੰਦਾ ਸੀ ਅਤੇ ਉਹਨਾ ਦੀ ਆਰਥਕ ਸਹਾਇਤਾ ਵੀ ਕੀਤਾ ਕਰਦੀ ਸਨ ।

ਅਲੱਾਹ ਤਆਲਾ ਇਹਨਾਂ ਨਾਲ ਬਖ਼ਸ਼ਿਸ਼ ਤੇ ਰਹਿਮ ਦਾ ਵਰਤਾਰਉ ਕਰੇ ਇਹਨਾ ਦੇ ਦਰਜਿਆਂ ਨੂੰ ਬੁਲੰਦ ਫ਼ਰਮਾਏ ਇਹਨਾ ਦੀ ਬੇਟੀ ਦੇ ਇਮਾਨ ਨੂੰ ਵੀ ਮਜ਼ਬੂਤ ਕਰੇ ਅਤੇ ਬਾਕੀ ਜੋ ਬੱਚੇ ਹੁਣੇ ਅਹਮਦੀ ਨਹੀਂ ਹੋਏ ਅਲੱਾਹ ਤਆਲਾ ਉਹਨਾ ਦੇ ਦਿਲ ਵੀ ਖੋਲੇ ਅਤੇ ਉਹਨਾਂ ਦੀਆਂ ਦੁਆਵਾਂ ਉਹਨਾ ਦੇ ਹੱਕ ਵਿੱਚ ਕੁਬੂਲ ਫ਼ਰਮਾਏ । ਆਮੀਨ ।

## ★★★★ ਖ਼ੁਤਬਾ ਸਾਨੀਆ ★★★★

**Khulasa Khutba Jumma 13.09.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131